UC ਡੇਵਿਸ ਭਰੂਣ ਦੇਖਭਾਲ ਅਤੇ ਇਲਾਜ ਕਦਰ

# ਭਰੂਣ ਈਕੋਕਾਰਡਿਓਗ੍ਰਾਮ



## ਭਰੂਣ ਈਕੋਕਾਰਡਿਓਗ੍ਰਾਮ ਕੀ ਹੈ?

**ਭਰੂਣ ਈਕੋਕਾਰਡਿਓਗ੍ਰਾਮ ਤੁਹਾਡੇ ਅਣਜੰਮੇ ਬੱਚੇ ਦੇ ਦਿਲ ਦਾਅਲਟ੍ਰਾਸਾਉਂਡ ਹੈ।** ਇਸ ਟੈਸਟ ਦੀ ਵਰਤ ਦਿਲ ਦੀ ਬਣਤਰ, ਕਾਰਜਸ਼ੀਲਤਾ ਅਤੇ ਤਾਲ ਨੂੰ ਦੇਖਣ ਲਈ ਕੀਤੀ ਜਾਂਦੀ ਹੈ। ਇਹ ਅਲਟ੍ਰਾਸਾਉਂਡ ਇੱਕ ਵਿਸ਼ੇਸ਼ ਸਿਖਲਾਈ-ਪ੍ਰਾਪਤ, ਭਰੂਣ ਦੇ ਦਿਲ ਦੇਅਲਟ੍ਰਾਸਾਉਂਡ ਕਰਨ ਵਾਲੇ ਸੋਨੋਗ੍ਰਾਫਰ ਦੁਆਰਾ ਕੀਤਾ ਜਾਂਦਾ ਹੈ ਅਤੇਤਸਵੀਰਾਂ ਦੀ ਵਿਆਖਿਆ ਫੌਰਨ ਇੱਕ ਅਜਿਹੇ ਡਾਕਟਰ ਦੁਆਰਾ ਕੀਤੀਜਾਂਦੀ ਹੈ ਜਿਸਨੂੰ ਬਾਲ ਹਿਰਦਾ ਵਿਗਿਆਨ ਅਤੇ ਭਰਣੂ ਦੇ ਜਮਾਂਦਰੂਹਿਰਦਾ ਰੋਗ ਵਿੱਚ ਵਿਸ਼ੇਸ਼ ਸਿਖਲਾਈ ਮਿਲੀ ਹੁੰਦੀ ਹੈ।

## ਭਰੂਣ ਈਕੋਕਾਰਡਿਓਗ੍ਰਾਮ ਦੀ ਲੋੜ ਕਿਸ ਨੂੰ ਹੁੰਦੀ ਹੈ?

ਕੁਝ ਔਰਤਾਂ ਨੂੰ ਜਮਾਂਦਰੂ ਹਿਰਦਾ ਰੋਗ ਵਾਲੇ ਬੱਚੇ ਦੇ ਹੋਣ ਦਾ ਜ਼ਿਆਦਾ ਖਤਰਾ ਹੁੰਦਾ ਹੈ। ਵਰਤਮਾਨ ਵਿੱਚ ਹੇਠਲੇ ਮਾਮਲਿਆਂ ਵਿੱਚ ਭਰੂਣ ਈਕੋਕਾਰਡਿਓਗ੍ਰਾਮ ਦੀ ਸਿਫਾਰਸ਼ ਕੀਤੀ ਜਾਂਦੀ ਹੈ:

- ਵਿਟ੍ਰੋ ਫਰਟਿਲਾਈਜ਼ੇਸ਼ਨ (IVF)ਜਾਂ ਸਹਾਇਤਾ-ਪ੍ਰਾਪਤ ਜਣਨ ਤਕਨਾਲੋਜੀ (ਪ੍ਰਕਾਸ਼ਿਤ ਸਮੱਗਰੀ ਮੁਤਾਬਕ 2 ਗੁਣਾ ਤਕ ਦਾ ਖਤਰਾ)
- ਨਿਯਮਿਤ ਪ੍ਰਸੂਤ ਅਲਟ੍ਰਾਸਾਉਂਡ ਵਿੱਚ ਸਮੱਸਿਆਵਾਂ
- ਸੁਖਮਨਾ ਨਾੜੀ ਵਿੱਚ ਵਾਧੂ ਪਾਰਭਾਸਕਤਾ
- ਪਰਿਵਾਰ ਵਿੱਚ ਜਮਾਂਦਰੂ ਹਿਰਦਾ ਰੋਗ ਦਾ ਇਤਹਾਸ (ਪਹਿਲੇ ਦਰਜੇ ਦੇ ਰਿਸ਼ਤੇਦਾਰ)
- ਕਿਸੇ ਦੂਜੀ ਅੰਗ ਵਿਵਸਥਾ ਵਿੱਚ ਅਸਾਧਾਰਨਤਾ
- ਭਰੂਣ ਦੇ ਦਿਲ ਦੀ ਅਸਾਧਾਰਨ ਰਫਤਾਰ ਜਾਂ ਤਾਲ
- ਭਰੂਣ ਦੀ ਗਿਆਤ ਜਾਂ ਸ਼ੱਕੀ ਆਨੁਵੰਸ਼ਿਕ ਬਿਮਾਰੀ
- ਮੋਨੋਕੋਰਿਓਨਿਕ ਜੁੜਵਾਂ ਵਾਲੇ ਗਰਭ
- ਮਾਂ ਦੇ ਖੂਨ ਦੀ ਜਾਂਚ ਵਿੱਚ ਅਸਾਧਾਰਨਤਾ
- ਇਨਸੁਲਿਨ ਉੱਪਰ ਨਿਰਭਰ ਡਾਇਬਟੀਜ਼ ਮੈਲੀਟਸ
- ਮਾਂ ਦਾ ਫਿਨਾਇਲਕੀਟੋਨੂਰਿਆ (PKU)
- ਮਾਂ ਦਾ ਆਟੋਇਮਿਊਨ ਰੋਗ (lupus)
- ਮਾਂ ਵਲ ਕੁਝ ਦਵਾਈਆਂ ਦੀ ਵਰਤ
- ਕੁਝ ਵਾਇਰਲ ਲਾਗਾਂ ਦਾ ਹੋਣਾ
- ਹਾਈਡ੍ਰਾਪਸ ਦੀ ਮੌਜੂਦਗੀ

## ਮ ਭਰੂਣ ਈਕੋਕਾਰਡਿਓਗ੍ਰਾਮ ਕਦ ਕਰਵਾਵਾਂ?

ਭਰੂਣ ਈਕੋਕਾਰਡਿਓਗ੍ਰਾਮ ਲਈ ਸਭ ਤ ਚੰਗੀ ਗਰਭਕਾਲੀਨ ਉਮਰ18 ਅਤੇ 22 ਹਫਤਿਆਂ ਦੇ ਵਿਚਕਾਰ ਹੈ। ਪਰ ਉਸ ਤ ਪਹਿਲਾਂ 16ਹਫਤਿਆਂ 'ਤੇ ਅਤੇ ਉਸਦੇ ਬਾਅਦ ਤੁਹਾਡੇ ਸਾਰੇ ਗਰਭ ਕਾਲ ਦੌਰਾਨਕਿਸੇ ਵੀ ਸਮ ਈਕੋਕਾਰਡਿਓਗ੍ਰਾਮ ਕੀਤੀ ਜਾ ਸਕਦੀ ਹੈ।

## ਭਰੂਣ ਈਕੋਕਾਰਡਿਓਗ੍ਰਾਮ ਦੀਆਂ ਕੀ ਸੀਮਾਵਾਂਹਨ?

ਦਿਲ ਦੀਆਂ ਕੁਝ ਅਸਾਧਾਰਨਤਾਵਾਂ ਅਜਿਹੀਆਂ ਹਨ ਜਿਨ੍ਹਾਂ ਦਾ ਪਤਾਬੱਚੇ ਦੇ ਜਨਮ ਤ ਪਹਿਲਾਂ ਨਹ ਲਾਇਆ ਜਾ ਸਕਦਾ। ਇਹਨਾਂ ਵਿੱਚਹਿਰਦਾ ਦੇ ਵਾਲਵ ਦੇ ਮਾਮੂਲੀ ਵਿਕਾਰ ਅਤੇ ਚਬਰਾਂ ਵਿਚਕਾਰ ਨਿੱਕੇਛੇਕ ਸ਼ਾਮਿਲ ਹਨ। ਹਿਰਦਾ ਦੇ ਕੁਝ ਹੋਰ ਵਿਕਾਰ ਵੀ ਹਨ ਜੋ ਬੱਚੇ ਦੇਜਨਮ ਤ ਪਹਿਲਾਂ ਪ੍ਰਗਟ ਨਹ ਹੁੰਦੇ।

## ਭਰੂਣ ਈਕੋਕਾਰਡਿਓਗ੍ਰਾਮ ਦੇ ਬਾਅਦ ਕੀ ਹੁੰਦਾ ਹੈ?

ਅਲਟ੍ਰਾਸਾਉਂਡ ਦੇ ਬਾਅਦ ਡਾਕਟਰ (ਭਰੂਣ ਹਿਰਦਾ ਵਿਸ਼ੇਸ਼ੱਗ) ਤੁਹਾਨੂੰਫੌਰਨ ਨਤੀਜੇ ਦੱਸੇਗਾ। ਜੇ ਅਲਟ੍ਰਾਸਾਉਂਡ ਸਧਾਰਨ ਹੈ ਤਾਂਆਮ ਤੌਰ 'ਤੇ ਕਿਸੇ ਹੋਰ ਟੈਸਟ ਦੀ ਲੋੜ ਨਹ ਹੁੰਦੀ। ਜੇਅਲਟ੍ਰਾਸਾਉਂਡ ਵਿੱਚ ਦਿਲ ਦੇ ਕੁਝ ਵਿਕਾਰ ਨਜ਼ਰ ਆਉਂਦੇ ਹਨ ਤਾਂਹੋਰ ਟੈਸਟਾਂ ਦੀ ਸਿਫਾਰਸ਼ ਕੀਤੀ ਜਾਏਗੀ। ਇਹਨਾਂ ਵਿੱਚ ਹੋਰਈਕੋਕਾਰਡਿਓਗ੍ਰਾਮ, ਆਨੁਵੰਸ਼ਿਕ ਟੈਸਟਿੰਗ ਅਤੇ ਦੂਜੇ ਡਾਕਟਰਾਂ (ਭਰੂਣ ਸਰਜਨ, ਬਾਲ ਕਾਰਡਿਓਥੋਰੈਸਿਕ ਸਰਜਨ, ਪੇਰੀਨੇਟੋਲੋਜਿਸਟ, ਨੀਓਨੇਟੋਲੋਜਿਸਟ) ਨਾਲ ਸਲਾਹ ਵੀ ਸ਼ਾਮਿਲ ਹੈ।

**ਅਪਾਇੰਟਮਟ ਤੈਅ ਕਰਨ ਲਈ ਕਿਰਪਾ ਕਰਕੇ 916-794-BABY (2229) ਤੇ ਕਾਲ ਕਰੋ ਜਾਂ ਇਸ ਪਤੇ 'ਤੇ ਈਮੇਲਭੇਜੋ fctc@ucdavis.edu**

UC DAVIS HEALTH | CHILDREN'S HOSPITAL

23-0158 5/23